# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

**ਐਸ.ਸੀ.ਓ 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ**
**ਫੋਨ ਨੰ: 0172-2623206, 2623207**

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ

ਮੀਮੋ ਨੰ:-SSA/CM/Trg/11/1109-28
ਮਿਤੀ: ਚੰਡੀਗੜ੍ਹ, 06/01/11

**ਵਿਸ਼ਾ:** **ਸ਼ੈਸ਼ਨ 2010-11 ਦੀ ਪਸਵਕ / ਕਮਿਊਨਿਟੀ ਟ੍ਰੇਨਿੰਗ ਦੀ ਮੋਨੀਟਰਿੰਗ ਸਬੰਧੀ।**

**ਹਵਾਲਾ:** **ਇਸ ਦਫ਼ਤਰ ਦਾ ਪੱਤਰ ਨੰ: SSA/DE/CM/Trg/10/70289-328, ਮਿਤੀ: ਚੰਡੀਗੜ੍ਹ 18/11/10 ਅਤੇ ਪੱਤਰ ਨੰ: SSA/DE/CM/Trg/10/70289-328, ਮਿਤੀ: ਚੰਡੀਗੜ੍ਹ 18/11/10**

1.0 ਉਪਰੋਕਤ ਵਿਸ਼ੇ ਤੇ ਹਵਾਲੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਵਿਸ਼ਾ ਅਧੀਨ ਟ੍ਰੇਨਿੰਗ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪ ਵੱਲੋਂ ਆਪਣੇ ਪੱਧਰ ਤੇ ਵੀ ਇਸ ਟ੍ਰੇਨਿੰਗ ਦੀ ਮੋਨੀਟਰਿੰਗ ਕਰਵਾ ਲਈ ਜਾਵੇ ਅਤੇ ਇਸ ਦੀ ਰਿਪੋਰਟ ਲਗਾਤਾਰ ਇਸ ਦਫ਼ਤਰ ਨੂੰ ਭੇਜੀ ਜਾਵੇ।

3.0 ਜੇਕਰ ਕਿਸੇ ਸਕੂਲ ਦੇ ਮੈਂਬਰ ਸਕੱਤਰ ਵੱਲੋਂ ਟ੍ਰੇਨਿੰਗ ਲਈ ਸਹਿਯੋਗ ਨਹੀਂ ਦਿੱਤਾ ਜਾਂਦਾ ਤਾਂ ਉਸ ਦੀ ਰਿਪੋਰਟ ਖਾਸ ਤੌਰ ਤੇ ਇਸ ਦਫ਼ਤਰ ਨੂੰ ਭੇਜੀ ਜਾਵੇ।

4.0 ਟ੍ਰੇਨਿੰਗ ਵਿੱਚ ਵੱਧ ਤੋਂ ਵੱਧ ਪਸਵਕ/ਕਮਿਊਨਿਟੀ ਦੇ ਮੈਂਬਰਾਂ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ।

5.0 ਜੇਕਰ ਟ੍ਰੇਨਿੰਗ ਲਈ ਕਿਸੇ ਪਿੰਡ/ਸ਼ਹਿਰ ਵਿੱਚ ਉਚਿਤ ਸਾਂਝੀ ਥਾਂ ਦੀ ਵਿਵਸਥਾ ਨਹੀਂ ਹੁੰਦੀ ਤਾਂ ਬੱਚਿਆਂ ਦੀ ਪੜ੍ਹਾਈ ਵਿੱਚ ਵਿਘਨ ਨਾ ਪਾਉਂਦੇ ਹੋਏ ਟ੍ਰੇਨਿੰਗ ਸਬੰਧਤ ਸਕੂਲ ਵਿੱਚ ਵੀ ਕੀਤੀ ਜਾ ਸਕਦੀ ਹੈ।

6.0 ਜੇਕਰ ਕਿਸੇ ਕਾਰਨ ਕਿਸੀ ਟ੍ਰੇਨਿੰਗ ਵਿੱਚ ਬੀ.ਆਰ.ਪੀ. ਹਾਜ਼ਰ ਨਹੀਂ ਹੋ ਸਕਦਾ ਤਾਂ ਸਬੰਧਤ ਬਲਾਕ ਦਾ ਬੀ.ਪੀ.ਈ.ਓ., ਬੀ.ਪੀ.ਸੀ. ਜਾਂ ਕੋਈ ਹੋਰ ਨੁਮਾਇੰਦਾ ਟ੍ਰੇਨਿੰਗ ਦੀ ਥਾਂ ਤੇ ਸਮੁੱਚੇ ਪ੍ਰਬੰਧ ਲਈ ਹਾਜ਼ਰ ਹੋਵੇ।

7.0 ਆਪ ਜੀ ਨੂੰ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸੀ.ਐਮ.ਟੀ./ਬੀ.ਐਮ.ਟੀ. ਕੇਵਲ ਰਿਸੋਰਸ ਪਰਸਨ ਦੇ ਤੌਰ ਤੇ ਟ੍ਰੇਨਿੰਗ ਦੇਣ ਲਈ ਹੀ ਹਾਜ਼ਰ ਹੋਵੇਗਾ ਨਾ ਕਿ ਲੋੜੀਂਦੇ ਹੋਰ ਪ੍ਰਬੰਧ ਕਰਨ ਲਈ।

8.0 ਟ੍ਰੇਨਿੰਗ ਸਬੰਧੀ ਕੋਈ ਵੀ ਸ਼ਿਕਾਇਤ ਪ੍ਰਾਪਤ ਹੋਣ ਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)/ਕਮਿਊਨਿਟੀ ਮੋਬਿਲਾਈਜੇਸ਼ਨ ਕੋਆਰਡੀਨੇਟਰ/ਬੀ.ਪੀ.ਈ.ਓ./ਬੀ.ਆਰ.ਪੀ. ਅਤੇ ਪਸਵਕ ਕਮੇਟੀ ਦੇ ਮੈਂਬਰ ਸਕੱਤਰ ਦੇ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।

9.0 ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

**ਸਹੀ/-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ,**
**ਪੰਜਾਬ, ਚੰਡੀਗੜ੍ਹ।**

ਪਿੰਠ ਅੰਕਣ ਨੰ: SSA/CM/Trg/11/ਉਕਤ ਮਿਤੀ: 06/01/11

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਬੀ.ਪੀ.ਈ.ਓਜ਼ (ਵੈੱਬ ਸਾਇਟ ਰਾਹੀਂ)
2. ਡੀ.ਐਮ. (ਐਮ.ਆਈ.ਐਸ.) ਵੈੱਬ ਸਾਇਟ ਤੇ ਪਾਉਣ ਲਈ

**ਸਹੀ/-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ,**
**ਪੰਜਾਬ, ਚੰਡੀਗੜ੍ਹ।**